# ਮਾਹਰ ਨਾਲ ਗੱਲ ਕਰੋ

## ਆਪਣੇ ਫਾਰਮਾਸਿਸਟ ਦੇ ਨਾਲ ਗੱਲ ਕਰੋ

### ਇਸ ਤੋਂ ਪਹਿਲਾਂ ਤੁਸੀਂ ਫਾਰਮੇਸੀ ਤੋਂ ਜਾਓਇਹਨਾਂ ਚੀਜ਼ਾਂ ਦੀ ਜਾਂਚ ਕਰੋ:

- ਲੇਬਲ ਉੱਤੇ ਮਰੀਜ਼ ਦਾ ਨਾਮ ਸਹੀ ਹੈ;
- ਦਵਾਈ ਲੇਬਲ ਉੱਤੇ ਲਿਖੇ ਵੇਰਵੇ ਦੇ ਨਾਲ ਮੇਲ ਖਾਂਦੀ ਹੈ;
- ਦਵਾਈ ਦਾ ਨਾਮ ਅਤੇ ਇਹ ਕਿਸ ਲਈ ਹੈ;
- ਦਵਾਈ ਕਿਵੇਂ ਅਤੇ ਕਦੋਂ ਲੈਣੀ ਹੈ, ਕਿੰਨੀ ਦੇਰ ਤੱਕ ਲੈਣੀ ਹੈ, ਅਤੇ ਜੇਕਰ ਤੁਸੀਂ ਇੱਕ ਖੁਰਾਕ ਖੁੰਝ ਜਾਂਦੇ ਹੋ ਤਾਂ ਕੀ ਕਰਨਾ ਹੈ;
- ਸੰਭਾਵੀ ਮਾੜੇ ਪ੍ਰਭਾਵ ਅਤੇ ਜੇਕਰ ਇਹ ਹੋ ਜਾਣ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ;
- ਕੀ ਲਿੱਤੀ ਗਈ ਦਵਾਈ ਦੂਜਿਆਂ ਦਵਾਈਆਂ ਜਾਂ ਪੂਰਕਾਂ ਦੇ ਨਾਲ ਸੁਰੱਖਿਅਤ ਢੰਗ ਨਾਲ ਕੰਮ ਕਰੇਗੀ; ਅਤੇ
- ਦਵਾਈ ਲੈਂਦੇ ਸਮੇਂ ਕਿਹੜੇ ਭੋਜਨ, ਪੇਅ ਪਦਾਰਥ ਜਾਂ ਗਤੀਵਿਧੀਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

## ਆਪਣੇ ਅਧਿਕਾਰਾਂ ਨੂੰ ਜਾਣੋ

ਹਰ ਵਾਰ ਜਦੋਂ ਤੁਹਾਨੂੰ ਇੱਕ ਨਵਾਂ ਨੁਸਖ਼ਾ ਪ੍ਰਾਪਤ ਹੁੰਦਾ ਹੈ, ਅਤੇ ਹਰ ਵਾਰ ਜਦੋਂ ਤੁਸੀਂ ਇੱਕ **ਨਵਾਂ** ਨੁਸਖ਼ਾ ਖੁਰਾਕ ਫਾਰਮ, ਤਾਕਤ, ਜਾਂ ਲਿਖਤੀ ਦਿਸ਼ਾ-ਨਿਰਦੇਸ਼ ਮਿਲਦੇ ਹਨ, ਤਾਂ California ਦੇ ਕਾਨੂੰਨ ਦੇ ਮੁਤਾਬਕ ਤੁਹਾਡੇ ਦੁਆਰਾ ਬੇਨਤੀ ਕਰਨ ਤੇ ਇੱਕ ਫਾਰਮਾਸਿਸਟ ਦਾ ਤੁਹਾਡੇ ਨਾਲ ਗੱਲ ਕਰਨਾ ਜ਼ਰੂਰੀ ਹੈ।

ਇਸ ਫਾਰਮੇਸੀ ਨੂੰ ਕਾਨੂੰਨੀ ਤੌਰ ਤੇ ਤੁਹਾਨੂੰ ਤਜਵੀਜ਼ ਕੀਤੀ ਗਈ ਕਿਸੇ ਵੀ ਤਰ੍ਹਾਂ ਦੀ ਦਵਾਈ ਜਾਂ ਉਪਕਰਣ ਦੇਣਾ ਪਵੇਗਾ, ਜਦੋਂ ਤੱਕ ਤੁਸੀਂ ਉਸ ਦਵਾਈ ਜਾਂ ਉਪਕਰਣ ਦੀ ਕੀਮਤ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਹੋ, ਜਾਂ ਫਾਰਮਾਸਿਸਟ ਇਹ ਨਿਰਧਾਰਤ ਕਰਦਾ ਹੈ ਕਿ ਅਜਿਹਾ ਕਰਨਾ ਕਾਨੂੰਨ ਦੇ ਖਿਲਾਫ਼ ਹੋਵੇਗਾ, ਜਾਂ ਮਰੀਜ਼ ਦੀ ਸਿਹਤ ਲਈ ਸੰਭਾਵੀ ਤੌਰ ਤੇ ਹਾਨੀਕਾਰਕ ਹੋਵੇਗਾ। ਜੇਕਰ ਕੋਈ ਦਵਾਈ ਜਾਂ ਉਪਕਰਣ ਤੁਰੰਤ ਉਪਲੱਬਧ ਨਹੀਂ ਹੈ, ਤਾਂ ਫਾਰਮੇਸੀ ਤੁਹਾਡੀ ਦਵਾਈ ਜਾਂ ਉਪਕਰਣ ਨੂੰ ਸਮੇਂ ਸਿਰ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਨਾਲ ਕੰਮ ਕਰੇਗੀ।

ਤੁਹਾਡੇ ਦੁਆਰਾ ਬੇਨਤੀ ਕਰਨ ਤੇ ਦੁਭਾਸ਼ੀਏ ਸੇਵਾਵਾਂ ਬਿਨਾਂ ਕਿਸੇ ਕੀਮਤ ਦੇ ਉਪਲੱਬਧ ਹਨ। ਤੁਸੀਂ ਦਵਾਈ ਦੀ ਕੀਮਤ ਅਤੇ ਜੈਨਰਿਕ ਦਵਾਈਆਂ ਦੀ ਵਰਤੋਂ ਬਾਰੇ ਜਾਣਕਾਰੀ ਲਈ ਇਸ ਫਾਰਮੇਸੀ ਤੋਂ ਪੁੱਛ ਸਕਦੇ ਹੋ।

**ਉਪਭੋਗਤਾਵਾਂ ਦੁਆਰਾ ਫਾਰਮੇਸੀ ਬਾਰੇ ਕੋਈ ਵੀ ਸ਼ਿਕਾਇਤ ਭੇਜਣ ਲਈ ਪਤਾ ਅਤੇ ਸੰਪਰਕ ਜਾਣਕਾਰੀ:**

California State Board of Pharmacy
2720 Gateway Oaks Drive, Suite 100
Sacramento, CA 95833

(916) 518-3100
www.pharmacy.ca.gov

**BE AWARE AND TAKE CARE:**
Talk to your pharmacist!
CALIFORNIA STATE BOARD OF PHARMACY

ਅਨੁਵਾਦ
Traducción
翻译
ਅਨੁਵਾਦ

www.pharmacy.ca.gov/publications/ntc.shtml